ਅੱਲਾਹ ਦੇ ਰਸੂਲ ▯ ਜਦੋਂ ਨਮਾਜ਼ ਸ਼ੁਰੂ ਕਰਦੇ ਤਾਂ ਆਪਣੇ ਦੋਵੇਂ ਹੱਥਾਂ ਨੂੰ ਆਪਣੇ ਮੋਢਿਆਂ ਤੱਕ ਚੁੱਕਦੇ

ਅਬਦੁੱਲਾਹ ਇਬਨ ਉਮਰ (ਰਜ਼ੀਅੱਲਾਹੁ ਅਨਹੁਮਾ) ਤੋਂ ਰਿਵਾਇਤ ਹੈ ਕਿ: ਅੱਲਾਹ ਦੇ ਰਸੂਲ ▯ ਜਦੋਂ ਨਮਾਜ਼ ਸ਼ੁਰੂ ਕਰਦੇ ਤਾਂ ਆਪਣੇ ਦੋਵੇਂ ਹੱਥਾਂ ਨੂੰ ਆਪਣੇ ਮੋਢਿਆਂ ਤੱਕ ਚੁੱਕਦੇ, ਜਦੋਂ ਰੁਕੂ ਲਈ ਤਕਬੀਰ ਕਹਿੰਦੇ (ਤਦ ਵੀ ਦੋਵੇਂ ਹੱਥਾਂ ਨੂੰ ਚੁੱਕਦੇ) ਅਤੇ ਜਦੋਂ ਰੁਕੂ ਤੋਂ ਸਿਰ ਚੁੱਕਦੇ ਤਦ ਵੀ ਇਸੇ ਤਰੀਕੇ ਨਾਲ ਆਪਣੇ ਦੋਵੇਂ ਹੱਥ ਚੁੱਕਦੇ ਅਤੇ "سَمِعَ الله لمن حَمِدَهُ رَبَّنَا ولك الحمد - ਸਮੀਅੱਲਾਹੁ ਲਿਮਨ ਹਮਿਦਾਹ, ਰੱਬਾਨਾ ਵਲਾਕਲ ਹਮਦ" ਕਹਿੰਦੇ। ਲੇਕਿਨ ਸਜਦੇ ਵਿੱਚ ਇੰਜ (ਹੱਥ ਚੁੱਕਣਾ) ਨਹੀਂ ਕਰਦੇ ਸਨ।

[صحيح] [متفق عليه]

ਅੱਲਾਹ ਦੇ ਨਬੀ ▯ ਨਮਾਜ਼ ਵਿੱਚ ਤਿੰਨ ਮੌਕਿਆਂ 'ਤੇ ਆਪਣੇ ਹੱਥਾਂ ਨੂੰ ਆਪਣੇ ਮੋਢਿਆਂ ਦੇ ਬਰਾਬਰ ਜਾਂ ਉਨ੍ਹਾਂ ਦੇ ਸਾਹਮਣੇ ਤੱਕ ਚੁੱਕਦੇ ਸੀ। ਪਹਿਲੀ ਥਾਂ: ਨਮਾਜ਼ ਸ਼ੁਰੂ ਕਰਨ 'ਤੇ ਤਕਬੀਰ-ਏ-ਤਹਿਰੀਮਾ (ਪਹਿਲੀ ਅੱਲਾਹੁ-ਅਕਬਰ) ਕਹਿਣ ਵੇਲੇ। ਦੂਜੀ ਥਾਂ: ਰੁਕੂ ਲਈ ਤਕਬੀਰ (ਅੱਲਾਹੁ ਅਕਬਰ) ਕਹਿਣ ਵੇਲੇ। ਤੀਜੀ ਥਾਂ: ਰੁਕੂ ਤੋਂ ਸਿਰ ਚੁੱਕਣ ਅਤੇ "سمع الله لمن حمده ربنا ولك الحمد - ਸਮੀਅੱਲਾਹੁ ਲਿਮਨ ਹਮਿਦਾਹ, ਰੱਬਾਨਾ ਵਲਾਕਲ ਹਮਦ" ਕਹਿਣ ਵੇਲੇ। ਆਪ ▯ ਸਜਦੇ ਵਿੱਚ ਜਾਣ ਵੇਲੇ ਅਤੇ ਸਜਦੇ ਤੋਂ ਉੱਠਣ ਵੇਲੇ ਹੱਥ ਨਹੀਂ ਚੁੱਕਦੇ ਸੀ।

http://www.sunnah.global/hadeeth/pa/show/3095